# Vigilance bureau Punjab

# VB attaches 59 properties worth Rs. 26 crore of former Chief Engineer of Mandi Board, GMADA

Chandigarh 10, September: Cracking the whip on the abuse of official power, Punjab Vigilance Bureau has attached fifty nine properties of former Chief Engineer of GMADA and Mandi Board Surinder Singh amounting to Rs.26 crore (approx) as per the orders of Mohali court under the provision of section 3 of the criminal law (Amendment) Ordinance 1944.

Disclosing this, ADGP cum Chief Director of Vigilance Bureau B.K. Uppal said during investigation by the Bureau, it has came to light that Surinder Singh had registered three fake companies naming M/s Access Agro seeds Pvt Ltd., M/s Award Agro Seeds Pvt Ltd And M/s Auster Agro Traders Pvt Ltd in the names of his wife Mandeep Kaur and mother Swaranjit Kaur and made transactions of Rs 4,19,44,37,161/- through banks.

He further informed that these fake companies were created to siphon off the bribe money. “Surinder Singh during his stint in GMADA, had formed a fake construction company namely ‘Ek Onkar Builders and Construction Pvt Ltd’ in which he had made directors of his own choice and allotted the tenders in illegal manner thereby amassed the ill gotten money to the tune of Rs 4,19,44,37,161/-.

Vigilance chief revealed that Surinder Singh has shown fake business of sale deeds in these companies whereas physically there was no such business. “During his tenure in GMADA and Punjab Mandi Board the accused had formed above mentioned three fake firms and deposited ill gotten money amounting to Rs. 65,89,28,800/-. Thereafter he purchased various properties at Ludhiana, Ropar, Mohali and Chandigarh amounting to Rs 26,41,33,612/- with this money acquired by dishonesty”, he added.

It is pertinent to mention here that Surinder Singh had registered the sale deeds at the collector rates whereas the market value of these properties is much more. Surinder Singh and his accomplice committed a scheduled offence for accumulating the disproportionate assets more than his income of known source.

Mr. Uppal informed that FIR No.13 dated 7-11-2017 under section 120-B of IPC and 13(1)(e), 13(2) of the PC act and FIR No. 6 dated 8-6-2017 had already been registered against accused Surinder Singh and his accomplice at VB police station SAS Nagar and challans have already been presented before the trial court in all these FIRs

------------------

## ਵਿਜੀਲੈਂਸ ਬਿਊਰੋ ਪੰਜਾਬ

## ਵਿਜੀਲੈਂਸ ਬਿਊਰੋ ਵਲੋਂ ਮੰਡੀ ਬੋਰਡ ਅਤੇ ਗਮਾਡਾ ਦੇ ਸਾਬਕਾ ਚੀਫ ਇੰਜੀਨੀਅਰ ਦੀਆਂ 26 ਕਰੋੜ ਰੁਪਏ ਦੀਆਂ 59 ਜਾਇਦਾਦਾਂ ਜਬਤ

ਚੰਡੀਗੜ੍ਹ, 10 ਸਤੰਬਰ:

ਸਰਕਾਰੀ ਅਧਿਕਾਰਾਂ ਦੀ ਦੁਰਵਰਤੋਂ ਨੂੰ ਠੱਲ ਪਾਉਂਦਿਆਂ, ਪੰਜਾਬ ਵਿਜੀਲੈਂਸ ਬਿਊਰੋ ਵਲੋਂ ਮੋਹਾਲੀ ਦੀ ਅਦਾਲਤ ਦੇ ਹੁਕਮਾਂ ਉਰਪੰਤ ਫੌਜਦਾਰੀ ਕਾਨੂੰਨ (ਸੋਧ) ਆਰਡੀਨੈਂਸ 1944 ਦੀ ਧਾਰਾ 3 ਤਹਿਤ ਮੰਡੀ ਬੋਰਡ ਅਤੇ ਗਮਾਡਾ ਦੇ ਸਾਬਕਾ ਚੀਫ ਇੰਜੀਨੀਅਰ ਦੀਆਂ 26 ਕਰੋੜ ਰੁਪਏ ਦੀ ਕੀਮਤ ਵਾਲੀਆਂ 59 ਜਾਇਦਾਦਾਂ ਜਬਤ ਕੀਤੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਡੀ.ਜੀ.ਪੀ. ਕਮ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਸ੍ਰੀ ਬੀ.ਕੇ. ਉੱਪਲ ਨੇ ਕਿਹਾ ਕਿ ਬਿਊਰੋ ਵਲੋਂ ਕੀਤੀ ਗਈ ਜਾਂਚ ਦੌਰਾਨ, ਇਹ ਸਾਹਮਣੇ ਆਇਆ ਹੈ ਕਿ ਸੁਰਿੰਦਰ ਸਿੰਘ ਨੇ ਆਪਣੀ ਪਤਨੀ ਮਨਜੀਤ ਕੌਰ ਅਤੇ ਮਾਤਾ ਸਵਰਨਜੀਤ ਕੌਰ ਦੇ ਨਾਂ 'ਤੇ ਮੈਸਰਜ ਅਕਸੈਸ ਐਗਰੋ ਸੀਡਸ ਪ੍ਰਾਇਵੇਟ ਲਿਮ. , ਮੈਸਰਜ ਐਵਾਰਡ ਐਗਰੋ ਸੀਡਸ ਪ੍ਰਾਇਵੇਟ ਲਿਮ. ਅਤੇ ਮੈਸਰਜ ਅਸਟਰ ਐਗਰੋ ਟਰੇਡਰਜ ਪ੍ਰਾਇਵੇਟ ਲਿਮ. ਨਾਮੀ ਤਿੰਨ ਫਰਜੀ ਕੰਪਨੀਆਂ ਰਜਿਸਟਰ ਕੀਤੀਆਂ ਹੋਈਆਂ ਸਨ ਅਤੇ ਬੈਂਕ ਰਾਹੀਂ 4,19,44,37,161/- ਰੁਪਏ ਦਾ ਲੈਣ-ਦੇਣ ਕੀਤਾ।

ਉਹਨਾਂ ਅੱਗੇ ਜਾਣਕਾਰੀ ਦਿੱਤੀ ਕਿ ਇਹ ਫਰਜੀ ਕੰਪਨੀਆਂ ਰਿਸ਼ਵਤ ਦੇ ਪੈਸੇ ਨੂੰ ਜਜਬ ਕਰਨ ਲਈ ਬਣਾਈਆਂ ਗਈਆਂ ਸਨ। ਸੁਰਿੰਦਰ ਸਿੰਘ ਨੇ ਗਮਾਡਾ ਵਿਚ ਆਪਣੇ ਸੇਵਾਕਾਲ ਦੌਰਾਨ, ਏਕ ਓਂਕਾਰ ਬਿਲਡਰਸ ਅਤੇ ਕੰਸਟਰੱਕਸ਼ਨ ਪ੍ਰਾਇ. ਲਿਮ. ਨਾਮੀ ਫਰਜੀ ਕੰਪਨੀ ਬਣਾਈ ਜਿਸ ਵਿਚ ਉਸਨੇ ਆਪਣੀ ਪਸੰਦ ਦੇ ਡਾਇਰੈਕਟਰਸ ਚੁਣੇ ਅਤੇ ਗੈਰ-ਕਾਨੂੰਨੀ ਢੰਗ ਨਾਲ ਟੈਂਡਰ ਜਾਰੀ ਕਰਕੇ 4,19,44,37,161/- ਰੁਪਏ ਦਾ ਘਪਲਾ ਕੀਤਾ।

ਵਿਜੀਲੈਂਸ ਮੁੱਖੀ ਨੇ ਦੱਸਿਆ ਕਿ ਸੁਰਿੰਦਰ ਸਿੰਘ ਨੇ ਇਹਨਾਂ ਕੰਪਨੀਆਂ ਵਿਚ ਸੇਲ ਡੀਡਜ ਦਾ ਜਾਅਲੀ ਕਾਰੋਬਾਰ ਦਿਖਾਇਆ ਜਦਕਿ ਅਸਲ ਵਿਚ ਅਜਿਹਾ ਕੋਈ ਕਾਰੋਬਾਰ ਨਹੀਂ ਸੀ। ਗਮਾਡਾ ਤੇ ਪੰਜਾਬ ਮੰਡੀ ਬੋਰਡ ਵਿਚ ਆਪਣੇ ਸੇਵਾਕਾਲ ਦੌਰਾਨ ਦੋਸ਼ੀ ਨੇ ਉਕਤ ਦੱਸੀਆਂ ਤਿੰਨ ਫਰਜੀ ਕੰਪਨੀਆਂ ਬਣਾਈਆਂ ਅਤੇ ਗਲਤ ਢੰਗ ਨਾਲ ਕਮਾਏ 65,89,28,800/- ਰੁਪਏ ਇਨ੍ਹਾਂ ਕੰਪਨੀਆਂ ਦੇ ਖਾਤੇ ਵਿਚ ਜਮ੍ਹਾ ਕਰਵਾਏ। ਉਹਨਾਂ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਉਸ ਨੇ ਬੇਇਮਾਨੀ ਨਾਲ ਕਮਾਏ ਇਸ ਪੈਸੇ ਨਾਲ ਲੁਧਿਆਣਾ, ਰੋਪੜ, ਮੋਹਾਲੀ ਅਤੇ ਚੰਡੀਗੜ੍ਹ ਵਿਖੇ 26,41,33,612/- ਰੁਪਏ ਦੀ ਕੀਮਤ ਦੀਆਂ ਵੱਖ-ਵੱਖ ਥਾਵਾਂ 'ਤੇ 59 ਜਾਇਦਾਦਾਂ ਖਰੀਦੀਆਂ।

ਕਾਬਲੇਗੌਰ ਹੈ ਕਿ ਸੁਰਿੰਦਰ ਸਿੰਘ ਨੇ ਕੁਲੈਕਟਰ ਕੀਮਤਾਂ 'ਤੇ ਸੇਲ ਡੀਡਜ ਨੂੰ ਰਜਿਸਟਰ ਕਰਵਾਇਆ ਜਦਕਿ ਇਹਨਾਂ ਜਾਇਦਾਦਾਂ ਦੀ ਮਾਰਕੀਟ ਕੀਮਤ ਇਸ ਤੋਂ ਕਿਤੇ ਜਿਆਦਾ ਹੈ। ਸੁਰਿੰਦਰ ਸਿੰਘ ਅਤੇ ਉਸ ਦੇ ਸਾਥੀ ਨੇ ਆਪਣੀ ਆਮਦਨ ਨਾਲੋਂ ਵਧੇਰੇ ਜਾਇਦਾਦ ਬਣਾਕੇ ਇਹ ਜੁਰਮ ਕੀਤਾ।

ਸ੍ਰੀ ਉੱਪਲ ਨੇ ਦੱਸਿਆ ਕਿ ਦੋਸ਼ੀ ਸੁਰਿੰਦਰ ਸਿੰਘ ਅਤੇ ਉਸ ਦੇ ਸਾਥੀ ਵਿਰੁੱਧ ਥਾਣਾ ਵਿਜੀਲੈਂਸ ਬਿਊਰੋ, ਐਸ.ਏ.ਐਸ. ਨਗਰ ਵਿਖੇ ਮਿਤੀ 7-11-2017 ਨੂੰ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਐਫ.ਆਈ.ਆਰ. ਨੰਬਰ 13 ਅਤੇ ਮਿਤੀ 8-6-2017 ਨੂੰ ਪੀ.ਸੀ. ਐਕਟ ਦੀ ਧਾਰਾ 13(1) (ਈ), 13 (2) ਤਹਿਤ ਐਫ.ਆਈ.ਆਰ. ਨੰਬਰ 6 ਅਨੁਸਾਰ ਪਹਿਲਾਂ ਹੀ ਮੁਕੱਦਮੇ ਦਰਜ ਹਨ ਅਤੇ ਇਹਨਾਂ ਸਾਰੀਆਂ ਐਫ.ਆਈ.ਆਰਜ ਸਬੰਧੀ ਮੁਕੱਦਮਾ ਅਦਾਲਤ ਵਿਚ ਚਲਾਨ ਪਹਿਲਾਂ ਹੀ ਪੇਸ਼ ਕੀਤੇ ਜਾ ਚੁੱਕੇ ਹਨ।

---------------